# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਮੇਅਰ ਸ਼ਿਵ ਸੂਦ ਨੇ ਵਾਰਡ ਨੰ: 33 ਦਾ ਦੌਰਾ ਕਰਕੇ ਮੁਸ਼ਕਿਲਾਂ ਸਬੰਧੀ ਜਾਣਕਾਰੀ ਲਈ

ਹੁਸ਼ਿਆਰਪੁਰ 20 ਮਈ ਮੇਅਰ ਸ਼ਿਵ ਸੂਦ ਨੇ ਅੱਜ ਵਾਰਡ ਨੰ: 33 ਦੇ ਕੌਂਸਲਰ ਕਵਿਤਾ ਪਰਮਾਰ ਦੇ ਨਾਲ ਉਹਨਾਂ ਦੇ ਵਾਰਡ ਦਾ ਦੌਰਾ ਕੀਤਾ। ਕੌਂਸਲਰ ਰਮੇਸ਼ ਕੁਮਾਰ ਠਾਕੁਰ, ਅਸ਼ੋਕ ਕੁਮਾਰ, ਵਿਨੋਦ ਪਰਮਾਰ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਵਾਰਡ ਦੇ ਕੌਂਸਲਰ ਕਵਿਤਾ ਪਰਮਾਰ ਨੇ ਇਸ ਮੌਕੇ ਤੇ ਇਕ ਗਲੀ ਦੀ ਨਾਲੀ ਠੀਕ ਕਰਵਾਉਣ ਅਤੇ ਇਕ ਗਲੀ ਵਿੱਚ ਇੰਟਰਲਾਕਿੰਗ ਟਾਈਲਾਂ ਲਗਾਉਣ ਸਬੰਧੀ ਕਿਹਾ। ਮੇਅਰ ਸ਼ਿਵ ਸੂਦ ਨੇ ਮੌਕੇ ਤੇ ਹੀ ਸਬੰਧਤ ਅਧਿਕਾਰੀਆਂ ਨੂੰ ਨਾਲੀ ਦੀ ਮੁਰਮੰਤ ਕਰਨ ਦੀ ਹਦਾਇਤ ਕੀਤੀ। ਉਹਨਾਂ ਨੇ ਦੱਸਿਆਂ ਕਿ ਕੋਸਲਰ ਦੀ ਮੰਗ ਅਨੁਸਾਰ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਕੰਮ ਜਲਦੀ ਹੀ ਕਰਵਾਇਆ ਜਾਵੇਗਾ।ਉਹਨ੍ਹਾਂ ਨੇ ਵਾਰਡ ਦੀ ਸਾਫ ਸਫਾਈ ਸਬੰਧੀ ਵੀ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ।ਮਨਮੋਹਨ ਸਿੰਘ, ਸੁਰਜੀਤ ਸਿੰਘ, ਜੀਤਾ, ਰਕੇਸ਼ ਕੁਮਾਰ ਮਿੰਟਾ, ਵਿਸ਼ੂ ਪਰਮਾਰ, ਪਰਮਪਾਲ, ਅਸ਼ਵਨੀ ਗੁਪਤਾ, ਨੀਤਿਨ ਵਰਮਾ, ਰਵਿੰਦਰ ਚੱਢਾ, ਜਗਮੋਹਨ ਸ਼ਰਮਾ, ਅਨਿਲ ਕੁਮਾਰ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।